**ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਪੰਜਾਬ ਸਟੀਲਜ ਫੋਰਜਿੰਗ ਐਂਡ ਐਗਰੋ ਇੰਡਸਟਰੀਜ਼ ਵੱਲੋ ਆਪਣੇ ਮੋਜੂਦਾ ਪਲਾਂਟ, ਯੂਨਿਟ-2 ਐਂਡ ਯੂਨਿਟ-3, ਜੋ ਕਿ ਜੀ.ਟੀ.ਰੋਡ, ਖੰਨਾ ਸਾਈਡ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਵਿਖੇ ਸਥਿਤ ਹਨ, ਨੂੰ ਆਪਸ ਵਿੱਚ ਮਿਲਾਕੇ ਤਜਵੀਜਤ ਵਾਧੇ ਲਈ ਵਾਤਾਵਰਣ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 27.03.2019 ਦੀ ਕਾਰਵਾਈ ।**

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਜਸਪ੍ਰੀਤ ਸਿੰਘ, ਆਈ.ਏ.ਐਸ.,
   ਵਧੀਕ ਡਿਪਟੀ ਕਮਿਸ਼ਨਰ,
   ਫਤਹਿਗੜ ਸਾਹਿਬ ।

2. ਡਾ. ਮਨੋਹਰ ਲਾਲ ਚੌਹਾਨ,
   ਵਾਤਾਵਰਣ ਇੰਜੀਨੀਅਰ (ਮੈਗਾ),
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਪਟਿਆਲਾ

3 ਇੰਜ: ਵਿਜੈ ਕੁਮਾਰ,
   ਵਾਤਾਵਰਣ ਇੰਜੀਨੀਅਰ,
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
   ਖੇਤਰੀ ਦਫਤਰ, ਫਤਹਿਗੜ ਸਾਹਿਬ ।

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ: ਪੰਜਾਬ ਸਟੀਲਜ ਫੋਰਜਿੰਗ ਐਂਡ ਐਗਰੋ ਇੰਡਸਟਰੀਜ਼ ਵੱਲੋ ਆਪਣੇ ਮੋਜੂਦਾ ਪਲਾਂਟ, ਯੂਨਿਟ-2 ਐਂਡ ਯੂਨਿਟ-3, ਜੋ ਕਿ ਜੀ.ਟੀ.ਰੋਡ, ਖੰਨਾ ਸਾਈਡ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਦੀ ਰੈਵੀਨਿਯੂ ਐਸਟੇਟ ਵਿੱਚ ਸਥਿਤ ਹਨ, ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਹਨਾਂ ਨੇ ਦੱਸਿਆ ਕਿ ਮੈਸ: ਪੰਜਾਬ ਸਟੀਲਜ ਫੋਰਜਿੰਗ ਐਂਡ ਐਗਰੋ ਇੰਡਸਟਰੀਜ਼ ਨੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਆਪਣੇ ਮੋਜੂਦਾ ਪਲਾਂਟ ਯੂਨਿਟ-2 ਐਂਡ ਯੂਨਿਟ-3 ਇੰਡਸਟਰੀਅਲ ਯੂਨਿਟ ਹਨ ਜੋ ਕਿ 7.75 ਏਕੜ ਜਮੀਨ ਵਿੱਚ ਜੀ.ਟੀ.ਰੋਡ, ਖੰਨਾ ਸਾਈਡ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ ਵਿਖੇ ਸਥਿਤ ਹਨ, ਜਿਹਨਾਂ ਦਾ ਆਪਸ ਵਿੱਚ ਮਿਲ ਜਾਣ ਦਾ ਪ੍ਰਸਤਾਵ ਤੋਂ ਬਾਅਦ ਆਪਣੀ ਮੋਲਟਨ ਮੈਟਲ ਦੀ ਪ੍ਰੋਡਕਸਨ ਕਪੈਸ਼ਟੀ 50,400 ਟੀ.ਪੀ.ਏ ਤੋਂ 1,89,000 ਟੀ.ਪੀ.ਏ ਅਤੇ ਰੋਲਡ ਸੈਕਸ਼ਨ ਦੀ ਪ੍ਰੋਡਕਸ਼ਨ ਕਪੈਸ਼ਟੀ 40,800 ਟੀ.ਪੀ.ਏ ਤੋਂ 1,75,000 ਟੀ.ਪੀ.ਏ ਮਲਟੀਪਲ ਇੰਡਕਸ਼ਨ ਭੱਠੀਆਂ ਰੋਲਿੰਗ ਮਿੱਲ, ਐਲਆਰਐਫ ਅਤੇ ਕਨਕਾਸਟ ਮਸੀਨ ਲਗਾ ਕੇ ਵਧਾਉਣ ਦੀ ਤਜਵੀਜ ਹੈ । ਸਟੇਟ ਲੈਵਲ ਇਨਵਾਇਰਮੈਂਟ ਇੰਮਪੈਕਟ ਅਸੈਸਮੈਂਟ ਅਥਾਰਟੀ (ਸੀਆ), ਪੰਜਾਬ ਵਲੋਂ ਸਨਅਤ ਦੀ ਅਰਜ਼ੀ ਵਿਚਾਰਣ ਉਪਰੰਤ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਸਨਅਤ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਸਨ । ਹੁਣ, ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ । ਵਾਤਾਵਰਣ ਇੰਜੀਨੀਅਰ (ਮੈਗਾ) ਨੇ

ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗਾ ਤੇ ਵਾਧਾ ਕਰਨ ਲਈ ਉਪਰੋਕਤ ਦਰਸਾਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਵਿਸਥਾਰਪੂਰਵਕ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਚੇਅਰਮੈਨ, ਜਿਲਾ ਪ੍ਰੀਸ਼ਦ, ਫਤਹਿਗੜ ਸਾਹਿਬ, ਡਿਪਟੀ ਕਮਿਸਨਰ, ਫਤਹਿਗੜ ਸਾਹਿਬ; ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਂਟਰ, ਫਤਹਿਗੜ ਸਾਹਿਬ ਐਟ ਮੰਡੀ ਗੋਬਿੰਦਗੜ; ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ; ਕਾਰਜਕਾਰੀ ਅਫਸਰ, ਐਮ.ਸੀ., ਮੰਡੀ ਗੋਬਿੰਦਗੜ ਅਤੇ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਖੇਤਰੀ ਦਫਤਰ, ਫਤਹਿਗੜ ਸਾਹਿਬ ਵਿੱਚ ਰਖੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਅਖਬਾਰਾਂ ਭਾਵ ਦਾ ਟ੍ਰਿਬਿਊਨ (ਅੰਗਰੇਜ਼) ਅਤੇ ਰੋਜਾਨਾ ਜੱਗਬਾਣੀ (ਪੰਜਾਬੀ) ਮਿਤੀ 27/02/2019 ਨੂੰ ਪ੍ਰਕਾਸਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ। ਉਪਰੰਤ ਉਹਨਾਂ ਪ੍ਰੋਜੈਕਟ ਪ੍ਰੋਪੋਨੈਂਟ ਦੇ ਨੁਮਾਇੰਦੇ ਜੋ ਕਿ ਸਨਅਤ ਦੇ ਵਾਤਾਵਰਣ ਸਲਾਹਕਾਰ ਵੀ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਦੇ ਖਰੜੇ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਸ੍ਰੀ ਆਰ.ਐਸ ਰਾਣਾ ਮੈਸ: ਸੀ.ਪੀ.ਟੀ.ਐਲ, ਚੰਡੀਗੜ, ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰ ਹੇਠ ਲਿਖੇ ਅਨੁਸਾਰ ਬਿਆਨ ਕੀਤਾ:-

| | | | |
|---|---|---|---|
| 1. | ਪ੍ਰੋਜੈਕਟ ਦਾ ਨਾਂ | : | ਮੈਸ: ਪੰਜਾਬ ਸਟੀਲਜ ਫੋਰਜਿੰਗ ਐਂਡ ਐਗਰੋ ਇੰਡਸਟਰੀਜ਼ |
| 2. | ਪ੍ਰੋਜੈਕਟ ਦੀ ਕਿਸਮ | : | ਸੈਕੰਡਰੀ ਸਟੀਲ ਨਿਰਮਾਣ ਇਕਾਈ (ਵਿਸਥਾਰ) |
| 3. | ਸਥਾਨ | : | ਜੀ.ਟੀ.ਰੋਡ, ਖੰਨਾ ਸਾਈਡ, ਮੰਡੀ ਗੋਬਿੰਦਗੜ, ਜਿਲਾ ਫਤਹਿਗੜ ਸਾਹਿਬ |
| 4. | ਭੱਠੀਆਂ | : | (i) ਮੌਜੂਦਾ ਯੂਨਿਟ-2: ਇੰਡਕਸ਼ਨ ਭੱਠੀ 6 ਟੀਪੀਐਚ, 25,200 ਟੀਪੀਏ ਅਤੇ ਯੂਨਿਟ-3, ਇੰਡਕਸ਼ਨ ਭੱਠੀ 6 ਟੀਪੀਐਚ, (25,200 ਟੀਪੀਏ) ਅਤੇ ਇਕ ਰੋਲਿੰਗ ਮਿੱਲ । |

| | | | |
|---|---|---|---|
| | | | (ii) ਪ੍ਰਸਤਾਵਿਤ: 52 ਐਮਟੀ/ਤਾਪ ਮਲਟੀਪਲ ਇੰਡਕਸ਼ਨ ਭੱਠੀਆਂ, ਐਲਆਰਐਫ, ਕਾਨਕਾਸਟ ਅਤੇ ਇੱਕ ਰੋਲਿੰਗ ਮਿੱਲ।<br>(iii) ਕੁਲ, ਪ੍ਰਸਤਾਵਿਤ ਵਾਧੇ ਤੋਂ ਬਾਅਦ: ਮੋਲਟਨ ਮੈਟਲ ਦੀ ਪ੍ਰੋਡਕਸਨ ਕਪੈਸ਼ਟੀ 50,400 ਟੀ.ਪੀ.ਏ ਤੋਂ 1,89,000 ਟੀ.ਪੀ.ਏ ਅਤੇ ਰੋਲਡ ਸੈਕਸ਼ਨ ਦੀ ਪ੍ਰੋਡਕਸ਼ਨ ਕਪੈਸ਼ਟੀ 40,800 ਟੀ.ਪੀ.ਏ ਤੋਂ 1,75,000 ਟੀ.ਪੀ.ਏ ਮਲਟੀਪਲ ਇੰਡਕਸ਼ਨ ਭੱਠੀਆਂ 2 ਰੋਲਿੰਗ ਮਿੱਲ, ਐਲਆਰਐਫ ਅਤੇ ਕਨਕਾਸਟ ਮਸੀਨ |
| 5. | 5 ਕਿ.ਮੀ ਦੇ ਘੇਰੇ ਦੀਆਂ ਵਿਸ਼ੇਸ਼ਤਾਵਾਂ | (i) | ਪੁਰਾਤੱਤਵ ਮਹੱਤਵਪੂਰਣ ਸਥਾਨ ---- Nil |
| | | (ii) | ਜੰਗਲੀ ਜੀਵਨ ਅਸਥਾਨ ---- Nil |
| | | (iii) | ਰਿਜ਼ਰਵਡ/ ਸੁਰੱਖਿਅਤ ਜੰਗਲ ---- Nil |
| | | (iv) | ਇਤਿਹਾਸਕ ਸਥਾਨ ---- Nil |
| | | (v) | ਨਦੀ/ਨਹਿਰ ਭਾਖੜਾ ਨਹਿਰ |
| | | (vi) | ਉਦਯੋਗ ---- ਹਰ ਤਰਾਂ ਦੇ |
| 6. | ਕੁਲ ਜ਼ਮੀਨ | : | 7.5 ਏਕੜ । ਵਿਸਥਾਰ ਲਈ ਹੋਰ ਜਮੀਨ ਦੀ ਲੋੜ ਨਹੀਂ । |

| | | | | |
|---|---|---|---|---|
| 7. | ਉਤਪਾਦ ਦਾ ਨਾਮ | ਮੋਜੂਦਾ (ਟਨ ਪ੍ਰਤੀ ਸਲਾਨਾ) | ਪ੍ਰਸਤਾਵਿਤ (ਟਨ ਪ੍ਰਤੀ ਸਲਾਨਾ) | ਕੁੱਲ (ਟਨ ਪ੍ਰਤੀ ਸਲਾਨਾ) |
| | ਸਟੀਲ ਇੰਗਟਸ/ਬਿਲੈਟਸ | 50,400 | 1,38,600 | 1,89,000 |
| | ਰੌਂਡਜ਼, ਟੀ.ਐਮ.ਟੀ. ਬਾਰ / ਐਮਐਸ ਬਾਰ, ਐਂਗਲ ਚੈਨਲ, ਫਲੈਟਸ | 40,800 | 1,34,200 | 1,75,000 |
| 8. | ਕੱਚਾ ਮਾਲ/ਸ੍ਰੋਤ | | | |
| | ਉਤਪਾਦ ਦਾ ਨਾਮ | ਮੋਜੂਦਾ (ਟਨ/ਸਲਾਨਾ) | ਪ੍ਰਸਤਾਵਿਤ (ਟਨ/ਸਲਾਨਾ) | ਕੁਲ (ਟਨ/ਸਲਾਨਾ) |
| | ਐਮ ਐਸ ਸਕਰੈਪ, | 55,234 | 1,50,770 | 2,06,004 |
| | ਫਰੋ ਅਲਾਇਜ਼ | 210 | 3076 | 3,286 |

| | | | |
|---|---|---|---|
| | ਸਰੋਤ ਅਤੇ ਆਵਾਜਾਈ | | ਸਥਾਨਕ ਅਤੇ ਅੰਤਰਰਾਸਟਰੀ ਬਜ਼ਾਰ ਅਤੇ ਆਵਾਜਾਈ ਕਵਰ ਕੀਤੇ ਟਰੱਕਾਂ ਨਾਲ ਹੋਵੇਗੀ |
| 9. | ਕਾਮਿਆਂ ਦੀ ਗਿਣਤੀ | : | ਮੌਜੂਦਾ – 129<br>ਪ੍ਰਸਤਾਵਿਤ – 100<br>ਕੁੱਲ – 229 |
| 10. | ਪ੍ਰੋਜੈਕਟ ਦੀ ਲਾਗਤ (ਰੁਪਏ) | : | ਮੋਜੂਦਾ – 08.44 ਕਰੋੜ<br>ਪ੍ਰਸਤਾਵਿਤ – 14.00 ਕਰੋੜ<br>ਕੁੱਲ – 22.44 ਕਰੋੜ |
| 11. | ਪ੍ਰਦੂਸ਼ਣ ਕੰਟਰੋਲ ਸਿਸਟਮ ਦੀ ਲਾਗਤ (ਰੁਪਏ), ਓਐਚਐਸ, ਰਿਸਕ ਹਜਾਰਡਸ, ਕੰਟਰੋਲ | : | 80 ਲੱਖ ਅਤੇ<br>6 ਲੱਖ (ਆਵਰਤੀ) ਸਲਾਨਾ |
| 12. | ਲੋੜੀਦੀ ਬਿਜਲੀ (KW) | : | ਮੌਜੂਦਾ 8901<br>ਪ੍ਰਸਤਾਵਿਤ 6099<br>ਕੁੱਲ 15,000 |
| 13. | ਬਿਜਲੀ ਦਾ ਸ੍ਰੋਤ | : | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ |
| 14. | ਲੋੜੀਦੀ ਪਾਣੀ (ਕਿਲੋ ਲੀਟਰ ਪ੍ਰਤੀ ਦਿਨ) | : | ਮੌਜੂਦਾ ਪ੍ਰਸਤਾਵਿਤ ਕੁੱਲ<br>ਘਰੇਲੂ 6.0 5.0 11.0<br>ਠੰਡਾ ਕਰਨਾ 15.0 45.0 60.0<br>ਕੁੱਲ 21.0 50.0 71.0 |
| 15. | ਪ੍ਰਦੂਸ਼ਿਤ ਪਾਣੀ ਦਾ ਮਾਤਰਾ | : | ਘਰੇਲੂ = 2.4 (ਕਿਲੋ ਲੀਟਰ ਪ੍ਰਤੀ ਦਿਨ)<br>ਠੰਡਾ ਕਰਨਾ = ਨਿਲ (ਸਾਰਾ ਠੰਡਾ ਕਰਨ ਵਾਲਾ ਪਾਣੀ ਮੁੜ ਸਰਕੂਲੇਸ਼ਨ ਵਿੱਚ ਲਿਆਂਦਾ ਜਾਵੇਗਾ) |
| 16. | ਪ੍ਰਦੂਸ਼ਤ ਪਾਣੀ ਦਾ ਸ਼ੁੱਧੀਕਰਨ | : | ਘਰੇਲੂ ਗੰਦੇ ਪਾਣੀ ਨੂੰ ਸੈਪਟਿਕ ਟੈਂਕ/ਐਸ.ਟੀ.ਪੀ ਰਾਂਹੀ ਟਰੀਟ ਕੀਤਾ ਜਾਂਦਾ ਹੈ/ਕੀਤਾ ਜਾਵੇਗਾ । ਜੋ ਕਿ ਪ੍ਰੋਜੈਕਟ ਪਰਿਸ਼ਰ ਦੇ ਅੰਦਰ ਹੈ । ਸ਼ੁੱਧ ਕੀਤਾ ਪਾਣੀ ਦਾ ਇਸਤੇਮਾਲ ਅੰਦਰ ਲਗਾਏ ਗਏ ਪੌਦਿਆਂ ਅਤੇ ਲੈਂਡਸਕੈਪਿੰਗ ਲਈ ਕੀਤਾ ਜਾਂਦਾ ਹੈ/ਕੀਤਾ ਜਾਵੇਗਾ। |
| 17. | ਵਾਯੂਮੰਡਲ ਹਵਾ ਦੀ ਗੁਣਵੱਤਾ | : | ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਡਾਈਆਕਸਾਈਡ ਅਤੇ ਕਾਰਬਨ ਮੋਨੋਆਸਾਈਡ ਪੱਧਰ ਦੇ ਤਿੰਨ ਮਹੀਨਿਆਂ (ਅਕਤੂਬਰ–ਦਸੰਬਰ, 2018) ਲਈ |

| | | | |
|---|---|---|---|
| | | | ਅੱਠ ਥਾਵਾਂ ਦਾ ਅਧਿਐਨ ਕੀਤਾ ਗਿਆ। ਪੀ. 98 ਪ੍ਰਦੂਸ਼ਕਾਂ ਦੇ ਮਾਪਦੰਡ ਹੇਠ ਲਿਖੇ ਅਨੁਸਾਰ ਹਨ:–<br>(i) ਪੀ.ਐਮ.$_{2.5}$ – 52.3 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>(ii) ਪੀ.ਐਮ.$_{10}$ – 92.5 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>(iii) ਸਲਫਰ ਡਾਈਆਕਸਾਈਡ – 16.7 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ,<br>(iv) ਨਾਈਟ੍ਰੋਜਨ ਡਾਈਆਕਸਾਈਡ – 47.0 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ ਅਤੇ<br>(v) ਕਾਰਬਨ ਮੋਨੋਆਕਸਾਈਡ– 0.64 ਮਿਲੀਗ੍ਰਾਮ / ਮੀਟਰ ਘਣ ਹੈ।<br><br>ਬੇਸਲਾਈਨ ਹਵਾ ਗੁਣਵੱਤਾ ਪੱਧਰੀ ਰਿਹਾਇਸ਼ੀ ਅਤੇ ਉਦਯੋਗਿਕ ਖੇਤਰ ਲਈ ਨਿਰਧਾਰਤ ਨੈਸ਼ਨਲ ਅੰਬੀਨਟ ਏਅਰ ਕੁਆਲਿਟੀ ਸਟੈਂਡਰਡ ਦੇ ਅੰਦਰ ਹਨ (ਮਿਆਰਾਂ ਅਨੁਸਾਰ ਕ੍ਰਮਵਾਰ ਪੀ.ਐਮ.$_{2.5}$, ਪੀ.ਐਮ.$_{10}$, ਸਲਫਰ ਡਾਈਆਕਸਾਈਡ ਲਈ 60, 100, 80 ਅਤੇ 80 ਮਾਈਕ੍ਰੋਗ੍ਰਾਮ ਪ੍ਰਤੀ ਮੀਟਰ ਘਣ) । |
| 18. | ਪਾਣੀ ਦੀ ਗੁਣਵੱਤਾ | : | ਰਸਾਇਣਿਕ ਅਤੇ ਜੈਵਿਕ ਵਿਸ਼ਲੇਸ਼ਣ ਲਈ ਅਧਿਐਨ ਖੇਤਰ ਤੋ ਅੱਠ ਧਰਤੀ ਹੇਠਲੇ ਪਾਣੀ ਦੇ ਨਮੂਨੇ ਅਤੇ ਇਕ ਸਤਹ ਪਾਣੀ ਦੇ ਨਮੂਨੇ ਇਕੱਤਰ ਕੀਤੇ ਗਏ ਸਨ। ਅਧਿਐਨ ਖੇਤਰ ਦੇ ਭੂਮੀਗਤ ਪਾਣੀ ਦੀ ਗੁਣਵੱਤਾ ਸੰਤੋਸ਼ਜਨਕ ਹੈ। ਪਾਣੀ ਦੀ ਗੁਣਵੱਤਾ ਵਿੱਚ ਕੋਈ ਧਾਤ ਜਾਂ ਜਰਾਸੀਮੀ ਦੂਸ਼ਿਤ ਪਦਾਰਥ ਪਾਇਆ ਗਿਆ ਹੈ। ਪਰ ਅਧਿਐਨ ਖੇਤਰ ਦੇ ਸਤਹਿ ਪਾਣੀ ਦੇ ਨਮੂਨੇ ਬੈਕਟਰਿਅਲ ਦੂਸ਼ਿਤ ਪਾਏ ਗਏ। |
| 19. | ਸ਼ੋਰ ਵਾਤਾਵਰਣ | : | ਅਧਿਐਨ ਖੇਤਰ ਵਿੱਚ 8 ਸਥਾਨਾਂ ਤੇ ਵਾਤਾਵਰਨ ਸ਼ੋਰ ਦੇ ਪੱਧਰ ਤੇ ਨਿਗਰਾਨੀ ਕੀਤੀ ਗਈ। ਅਧਿਐਨ ਖੇਤਰ ਵਿੱਚ ਸ਼ੋਰ ਪੱਧਰ 44.4 ਡੀ.ਬੀ.(ਏ) ਤੋ 70.2 ਡੀ.ਬੀ. (ਏ) ਦਿਨ ਦੇ ਸਮੇ ਅਤੇ 34.2 ਡੀ.ਬੀ.(ਏ) ਤੋਂ 66.1 ਡੀ.ਬੀ.(ਏ) ਰਾਤ ਦੇ ਸਮੇਂ ਤੱਕ ਵੱਖ-ਵੱਖ ਥਾਵਾ ਤੇ ਮਾਪਿਆ ਗਿਆ । ਪ੍ਰੋਜੈਕਟ ਸਾਈਟ ਤੇ ਸਭ ਤੋ ਉਚੇ ਪੱਧਰਾਂ ਨੂੰ ਦੇਖਿਆ ਗਿਆ। ਬੇਸਲਾਈਨ ਸ਼ੋਰ ਦਾ ਪੱਧਰ ਰਾਸ਼ਟਰੀ ਮਾਨਕਾਂ ਦੇ ਅੰਦਰ ਚੰਗੀ ਤਰਾਂ |

| | | | |
|---|---|---|---|
| | | | ਕੀਤਾ ਗਿਆ। ਬਿਹਤਰ ਪ੍ਰਦੂਸ਼ਣ ਨਿਯੰਤਰਣ ਦੀ ਸਹੂਲਤ ਦੇ ਕਾਰਨ ਪ੍ਰਸਤਾਵਿਤ ਪਸਾਰ ਦਾ ਵਾਤਾਵਰਣ ਉਪਰ ਅਸਰ ਘੱਟ ਹੋਵੇਗਾ। |
| 20. | ਮਿੱਟੀ ਦੀ ਗੁਣਵੱਤਾ | : | ਅਧਿਐਨ ਖੇਤਰ ਤੋ ਅੱਠ ਮਿੱਟੀ ਦੇ ਨਮੂਨੇ ਇੱਕਤਰ ਕੀਤੇ ਗਏ ਸਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਮਿੱਟੀ ਦੀ ਜੈਵਿਕ ਪਦਾਰਥ, ਨਾਈਟ੍ਰੋਜਨ, ਪੋਟਾਸ਼ੀਅਮ ਅਤੇ ਫਾਸਫੋਰਸ ਸਮੱਗਰੀ ਮੱਧਮ ਹੈ। ਸਾਰੇ ਮਿੱਟੀ ਦੇ ਨਮੂਨਿਆਂ ਦੇ pH ਸਵੀਕਾਰਯੋਗ ਸੀਮਾ ਦੇ ਅੰਦਰ ਹਨ। ਪ੍ਰਸਤਾਵਿਤ ਪਲਾਟ ਦਾ ਮਿੱਟੀ ਤੇ ਕੋਈ ਅਸਰ ਨਹੀ ਹੋਵੇਗਾ। |
| 21. | ਖਤਰਨਾਕ ਕਚਰਾ | : | ਹਵਾ ਪ੍ਰਦੂਸ਼ਣ ਕੰਟਰੋਲ ਯੰਤਰ ਚੋ ਨਿਕਲਿਆ ਕਚਰਾ ਮੈਟਲ ਰਿਕਵਰੀ ਲਈ ਮੈਸ: ਮਾਧਵ ਅਲਾਇਜ਼ ਪ੍ਰਾਈਵੇਟ ਲਿਮਟਿਡ ਵਿਖੇ ਭੇਜਿਆ ਜਾਵੇਗਾ । ਜੇਕਰ ਮੈਸ: ਮਾਧਵ ਅਲਾਇਜ਼ ਪ੍ਰਾਈਵੇਟ ਲਿਮਟਿਡ ਵਲੋ ਇਹ ਵੇਸਟ ਲੈਣ ਤੋਂ ਮਨਾਂ ਕੀਤਾ ਜਾਂਦਾ ਹੈ ਤਾਂ ਇਸ ਦੀ ਡਿਸਪੋਜ਼ਲ ਲਈ ਇਹ ਟੀ.ਐਸ.ਡੀ.ਐਫ ਨਿੰਬੂਆਂ ਵਿਖੇ ਭੇਜ਼ ਦਿੱਤਾ ਜਾਵੇਗਾ ਜਿਸ ਲਈ ਉਨ੍ਹਾਂ ਵਲੋ ਟੀ.ਐਸ.ਡੀ.ਐਫ, ਨਿੰਬੂਆਂ ਤੋਂ ਮੈਂਬਰਸਿਪ ਲਈ ਹੋਈ ਹੈ । ਜਨਰੇਟਰ ਵਿੱਚ ਵਰਤਿਆ ਹੋਇਆ ਤੇਲ ਡਰਮ ਵਿੱਚ ਰੱਖਿਆ ਜਾਵੇਗਾ ਅਤੇ ਆਥੋਰਾਈਡਜਡ ਰੀਸਾਇਕਲਰ ਨੂੰ ਵੇਚ ਦਿੱਤਾ ਜਾਵੇਗਾ। |
| 22. | ਹਵਾ ਪ੍ਰਦੂਸ਼ਣ ਕੰਟਰੋਲ | : | ਆਵਰਤੀ ਭੱਠੀਆਂ ਦੇ ਉਪਰ ਨਵੀਂ ਤਕਨੀਕ ਦਾ ਬੈਗ ਫਿਲਟਰ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਦੇ ਵਜੋ ਲਗਾਇਆ ਜਾਵੇਗਾ ਅਤੇ ਰੋਲਿੰਗ ਮਿੱਲ ਉਪਰ ਵੈਟ ਸਕਰਬਰ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਦੇ ਵਜੋ ਲਗਾਇਆ ਜਾਵੇਗਾ । |
| 23. | ਠੋਸ ਕਚਰਾ | : | ਭੱਠੀ ਚੋ ਨਿਕਲੀ ਹੋਈ ਸਲੈਗ ਨੂੰ ਟਾਇਲਾਂ ਅਤੇ ਕੰਨਕਰੀਟ ਬਲਾਕ ਬਨਾਉਣ ਲਈ ਵਰਤਿਆ ਜਾਵੇਗਾ ਜਿਸ ਲਈ ਉਹ ਟਾਇਲ/ਕੰਨਕਰੀਟ ਬਲਾਕ ਨਿਰਮਾਤਾਵਾਂ ਨਾਲ ਲਿਖਿਤ ਸਮਝੋਤਾ ਕਰਨਗੇ । ਕੁਝ ਸਲੈਗ ਚੂਰਾ ਕਰਨ ਤੋ ਬਾਅਦ ਸੜਕ ਬਨਾਉਣ ਦੇ ਕੰਮ ਜਾਂ ਨੀਵੀਂ ਜਗਾ ਨੂੰ ਭਰਣ ਦੇ ਕੰਮ ਵਿੱਚ ਵਰਤਿਆ ਜਾਵੇਗਾ । |

| | | | |
|---|---|---|---|
| 24. | ਵਾਤਾਵਰਣ ਨਿਗਰਾਨੀ ਸੈੱਲ | 1.<br>2.<br>3. | ਵਾਤਾਵਰਣ ਨਿਗਰਾਨੀ ਸੈੱਲ ਹੇਠ ਲਿਖੇ ਅਨੁਸਾਰ ਹੋਵੇਗੀ<br>ਮਾਲਕ<br>ਪ੍ਰੋਜੈਕਟ ਇੰਚਾਰਜ<br>ਵਾਤਾਵਰਨ ਸਲਾਹਕਾਰ<br>ਵਾਤਾਵਰਣ ਨਿਗਰਾਨੀ ਸੈੱਲ ਇਹ ਸੁਨਸਚਿਤ ਕਰੇਗਾ ਕਿ:–<br>(1) ਵਾਤਾਵਰਣ ਮੋਨਟਰਿੰਗ ਪ੍ਰੋਗਰਾਮ ਸਮੇਂ ਸਮੇਂ ਤੇ ਕੀਤਾ ਜਾਵੇ ।<br>(2) ਬੋਰਡ ਵਲੋਂ ਨਿਰਧਾਰਤ ਸਟੈਡਰਡ ਓਪਰੇਟਿੰਗ ਪ੍ਰੈਕਟਿਸ ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇ । |
| 25. | ਸੀ.ਈ.ਆਰ ਗਤੀਵਿਧੀਆਂ | : | ਇੰਡਸਟਰੀ ਵਲੋਂ 14 ਲੱਖ ਰੁਪਏ, ਵਾਤਾਵਰਣ, ਜੰਗਲਾਤ ਅਤੇ ਮੋਸਮ ਤਬਦੀਲੀ ਮੰਤਰਾਲਾ ਨਵੀਂ ਦਿੱਲੀ ਵਲੋਂ ਜਾਰੀ ਓ.ਐਮ ਮਿਤੀ 01/05/2018 ਤਹਿਤ ਸੀ.ਈ.ਆਰ ਗਤੀਵਿਧੀਆਂ ਤੇ ਜਿਲਾ ਪ੍ਰਸ਼ਾਸਨ ਦੀ ਸਲਾਹ ਨਾਲ ਖਰਚ ਕੀਤੇ ਜਾਣਗੇ । |

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣੇ ਸੁਝਾਓ ਜਾਂ ਇਤਰਾਜ਼ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਹਨ ਜਾਂ ਇਤਰਾਜ਼, ਜੇਕਰ ਹੋਵੇ ਤਾਂ ਦੇ ਸਕਦੇ ਹਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1 | ਸ੍ਰੀ ਲਖਵਿੰਦਰ ਸਿੰਘ, ਵਾਸੀ ਵਿਧੀਚੰਦ ਕਲੋਨੀ, ਮੰਡੀ ਗੋਬਿੰਦਗੜ੍ਹ | ਉਸਨੇ ਕਿਹਾ ਕਿ ਇੰਡਸਟਰੀ ਦੇ ਵਾਧੇ ਤੋਂ ਬਾਅਦ, ਇੱਥੇ ਪ੍ਰਦੂਸ਼ਣ ਹੋਵੇਗਾ ਜੋ ਕਿ ਬੱਚਿਆਂ ਦੀ ਸਿਹਤ ਤੇ ਅਸਰ ਕਰੇਗਾ। ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕਿਹੜੇ ਕਦਮ ਚੁੱਕੇ ਜਾਣਗੇ? | ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਇੰਡਸਟਰੀ ਦੇ ਪ੍ਰੋਸੈਸ ਵਿੱਚ ਕੋਈ ਵੀ ਪਾਣੀ ਨਹੀਂ ਵਰਤਿਆ ਜਾਵੇਗਾ, ਇਸ ਲਈ ਪਾਣੀ ਦਾ ਕੋਈ ਵੀ ਪ੍ਰਦੂਸ਼ਣ ਨਹੀਂ ਹੋਵੇਗਾ। ਪ੍ਰੋਜੈਕਟ ਤੋਂ ਹੋਣ ਵਾਲੇ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਨਵੀਂ ਤਕਨੀਕ ਦਾ ਪਲਸ ਜੈਟ ਬੈਗ ਫਿਲਟਰ ਲਗਾਇਆ ਜਾਵੇਗਾ। |
| 2 | ਸ੍ਰੀ ਗੁਰਮੁੱਖ ਸਿੰਘ, ਵਾਸੀ ਰਾਜੇਵਾਲ, ਜਿਲਾ ਫਤਹਿਗੜ੍ਹ ਸਾਹਿਬ | 1) ਵਰਤੇ ਗਏ ਤੇਲ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਰੋਕਣ ਲਈ ਕੀ ਕੀ ਕਦਮ ਚੁੱਕੇ ਜਾਣਗੇ?<br><br>2) ਉਹ ਜਾਨਣਾ ਚਾਹੁੰਦਾ ਹੈ ਕਿ ਬੈਗ ਫਿਲਟਰ ਕਿਵੇਂ ਕੰਮ ਕਰੇਗਾ?<br><br>3) ਉਹ ਇਹ ਵੀ ਜਾਨਣਾ ਚਾਹੁੰਦਾ ਹੈ ਕਿ ਇੰਡਸਟਰੀ ਵਿੱਚ ਕਿੰਨੇ ਦਰੱਖਤ ਲਗਾਏ ਹੋਏ ਹਨ ਅਤੇ ਹੋਰ ਕਿੰਨੇ | ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ:-<br>1) ਤੇਲ ਸਿਰਫ ਡੀ.ਜੀ.ਸੈਟ ਵਿੱਚ ਹੀ ਵਰਤਿਆ ਜਾਵੇਗਾ ਅਤੇ ਇਸ ਤੋਂ ਸਿਰਫ 0.1 ਕਿਲੋਲੀਟਰ ਵੇਸਟ ਤੇਲ ਹੀ ਪੈਦਾ ਹੋਵੇਗਾ। ਕੁਝ ਤੇਲ ਇੰਡਸਟਰੀ ਵਿੱਚ ਹੀ ਲੁਬਰੀਕੇਟਿੰਗ ਲਈ ਵਰਤਿਆ ਜਾਵੇਗਾ ਅਤੇ ਬਾਕੀ ਰਹਿੰਦੇ ਵੇਸਟ ਤੇਲ ਨੂੰ ਆਥੋਰਾਈਜਡ ਰੀਸਾਈਕਲਰ ਨੂੰ ਵੇਚਿਆ ਜਾਵੇਗਾ ।<br>2) ਉਸਨੇ ਬੈਗ ਫਿਲਟਰ ਦੀ ਵਰਕਿੰਗ ਬਾਰੇ ਦੱਸਿਆ ਅਤੇ ਅੱਗੇ ਦੱਸਿਆ ਕਿ ਪੱਲਸ ਜੈਟ ਦੀ ਮੋਨੀਟਰਿੰਗ ਕੀਤੀ ਜਾਵੇਗੀ । ਜੇ ਬੈਗ ਫਿਲਟਰ ਖਰਾਬ/ਖਤਮ ਹੋ ਜਾਂਦਾ ਹੈ ਤਾਂ ਇਸ ਨੂੰ ਬਦਲਿਆ ਜਾਂਦਾ ਹੈ ।<br><br>3) ਇੰਡਸਟਰੀ ਵਲੋਂ 250 ਦਰੱਖਤ ਇਸ ਸਮੇਂ ਲਗਾਏ ਹੋਏ ਹਨ। ਟਰਮਜ਼ ਆਫ ਰੈਫਰੈਂਸ ਦੀ ਸ਼ਰਤ ਮੁਤਾਬਿਕ ਪ੍ਰੋਜੈਕਟ ਦੇ 33 ਪ੍ਰਤੀਸ਼ਤ ਖੇਤਰਫਲ ਵਿੱਚ |

| | | | |
|---|---|---|---|
| | | ਦਰੱਖਤ ਲਗਾਏ ਜਾਣਗੇ? | ਇੰਡਸਟਰੀ ਦੇ ਅੰਦਰ ਹੀ ਗਰੀਨ ਪੱਟੀ ਇਲਾਕੇ ਦੇ ਡੀ.ਐਫ.ਓ. ਦੀ ਸਲਾਹ ਨਾਲ ਵਿਕਸਿਤ ਕੀਤੀ ਜਾਵੇਗੀ। |
| 3 | ਸ੍ਰੀ ਹਰਚੰਦ ਸਿੰਘ, ਵਾਸੀ ਮੁਹੱਲਾ ਦਲੀਪ ਨਗਰ, ਮੰਡੀ ਗੋਬਿੰਦਗੜ | ਉਹ ਜਾਨਣਾ ਚਾਹੁੰਦਾ ਹੈ ਕਿ ਹਵਾ ਪ੍ਰਦੂਸ਼ਣ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ? | ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਨਵੀਂ ਤਕਨੀਕ ਦੇ ਪੱਲਸ ਜੈਟ ਬੈਗ ਫਿਲਟਰ ਲਗਾਏ ਜਾਣਗੇ ਉਹਨਾਂ ਦੀ ਸਮੇਂ ਸਮੇਂ ਤੇ ਮੋਨੀਟਰਿੰਗ ਕੀਤੀ ਜਾਵੇਗੀ, ਇਸ ਕਰਕੇ ਇੰਡਸਟਰੀ ਵਿੱਚੋ ਕੋਈ ਵੀ ਹਵਾ ਪ੍ਰਦੂਸ਼ਣ ਨਹੀਂ ਹੋਵੇਗਾ। |
| 4 | ਸ੍ਰੀ ਹਰਦੀਪ ਸਿੰਘ ਪੁੱਤਰ ਸ੍ਰੀ ਲਖਵਿੰਦਰ ਸਿੰਘ, ਵਾਸੀ ਮੁੱਗਲਮਾਜਰਾ, ਜਿਲਾ ਫਤਹਿਗੜ ਸਾਹਿਬ | 1) ਫਰਨਸ ਸਲੈਗ ਦਾ ਨਿਪਟਾਰਾ ਕਿਵੇਂ ਕੀਤਾ ਜਾਵੇਗਾ।<br>2) ਕੀ ਇੰਡਸਟਰੀ ਦੇ ਵਾਧੇ ਤੋਂ ਬਾਅਦ ਸਥਾਨਿਕ ਲੋਕਾਂ ਨੂੰ ਇੰਡਸਟਰੀ ਵਿੱਚ ਰੁਜਗਾਰ ਦਿੱਤਾ ਜਾਵੇਗਾ? | ਕੰਪਨੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ:-<br>1) ਫਰਨਸ ਸਲੈਗ ਹਜਾਰਡਸ ਵੈਸਟ ਨਹੀਂ ਹੈ । ਇਸ ਤੋਂ ਪਹਿਲਾਂ ਸਲੈਗ ਨੂੰ ਸੜਕ ਬਨਾਉਣ ਦੇ ਕੰਮ ਜਾਂ ਨੀਵੀਂ ਜਗਾ ਨੂੰ ਭਰਣ ਦੇ ਕੰਮ ਵਿੱਚ ਵਰਤਿਆ ਜਾਂਦਾ ਸੀ । ਅਤੇ ਹੁਣ ਇਸ ਨੂੰ ਟਾਇਲਾਂ ਅਤੇ ਕੰਨਕਰੀਟ ਬਲਾਕ ਬਨਾਉਣ ਲਈ ਵਰਤਿਆ ਜਾਵੇਗਾ ਜਿਸ ਲਈ ਉਹ ਟਾਇਲ/ਕੰਨਕਰੀਟ ਬਲਾਕ ਨਿਰਮਾਤਾਵਾਂ ਨਾਲ ਲਿਖਿਤ ਸਮਝੋਤਾ ਕਰਨਗੇ ।<br>2) ਇੰਡਸਟਰੀ ਵਿੱਚ ਹੁਣ ਵੀ ਸਥਾਨਿਕ ਲੋਕ ਹੀ ਕੰਮ ਕਰਦੇ ਹਨ ਅਤੇ ਇੰਡਸਟਰੀ ਦੇ ਵਾਧੇ ਤੋਂ ਬਾਅਦ ਵੀ ਸਥਾਨਿਕ ਲੋਕਾਂ ਨੂੰ ਹੀ ਤਰਜੀਹ ਦਿੱਤੀ ਜਾਵੇਗੀ। |
| 5 | ਸ੍ਰੀ ਲਖਵਿੰਦਰ ਸਿੰਘ ਸਰਪੰਚ, ਮੁਗਲਮਾਜਰਾ, ਜਿਲਾ ਫਤਹਿਗੜ ਸਾਹਿਬ | ਉਸਨੇ ਕਿਹਾ ਕਿ ਇੰਡਸਟਰੀ ਦੇ ਮੋਜੂਦਾ ਯੂਨਿਟ ਤੋਂ ਕੋਈ ਵੀ ਮੁਸਕਿਲ ਨਹੀਂ ਹੈ ਅਤੇ ਉਹ ਆਸ ਕਰਦਾ ਹੈ ਕਿ ਇੰਡਸਟਰੀ ਦੇ ਵਾਧੇ ਵਾਲੇ | ਪ੍ਰੋਜੈਕਟ ਪ੍ਰੋਪੋਨੈਂਟ ਦੇ ਕਿਸੇ ਵੀ ਕਥਨ ਦੀ ਜਰੂਰਤ ਨਹੀਂ। |

| | | | |
|---|---|---|---|
| | | ਪ੍ਰੋਜੈਕਟ ਤੋਂ ਵੀ ਕੋਈ ਸਮੱਸਿਆ ਨਹੀਂ ਹੋਵੇਗੀ। ਉਸਨੇ ਅੱਗੇ ਕਿਹਾ ਕਿ ਇੰਡਸਟਰੀ ਦੇ ਮੋਜੂਦਾ ਯੂਨਿਟ ਤੋਂ ਲੋਕ ਰੁਜਗਾਰ ਪ੍ਰਾਪਤ ਕਰ ਰਹੇ ਹਨ। ਉਹਨਾਂ ਨੇ ਜਨਤਕ ਸੁਣਵਾਈ ਵਿੱਚ ਆਏ ਹੋਏ ਲੋਕਾਂ ਅਤੇ ਜਨਤਾ ਦਾ ਧੰਨਵਾਦ ਕੀਤਾ। | |

ਵਾਤਾਵਰਣ ਇੰਜੀਨੀਅਰ (ਮੋਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ ਨਾ ਕੋਈ ਇਤਰਾਜ਼ ਪ੍ਰਗਟ ਕੀਤਾ । ਇਸ ਤੋ ਪਿੱਛੋ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਪ੍ਰਸਤਾਵਿਤ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਲਗਭਗ ਸਾਰੇ ਲੋਕਾਂ ਨੇ ਪ੍ਰਸਤਾਵਤ ਵਾਧੇ ਦੇ ਹੱਕ ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਉਸ ਤੋ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਪ੍ਰੰਤੂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਹੀਂ ਕੀਤਾ । ਇਸ ਜਨਤਕ ਸੁਣਵਾਈ ਵਿੱਚ 130 ਵਿਅਕਤੀਆਂ ਨੇ ਹਿੱਸਾ ਲਿਆ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

| | | |
|---|---|---|
| **(ਵਿਜ਼ੈ ਕੁਮਾਰ)**<br>ਵਾਤਾਵਰਣ ਇੰਜੀਨੀਅਰ<br>ਪੀਪੀਸੀਬੀ, ਖੇਤਰੀ ਦਫਤਰ,<br>ਫਤਹਿਗੜ ਸਾਹਿਬ | **(ਡਾ. ਮਨੋਹਰ ਲਾਲ ਚੋਹਾਨ)**<br>ਵਾਤਾਵਰਣ ਇੰਜੀਨੀਅਰ (ਮੋਗਾ)<br>ਪੀਪੀਸੀਬੀ ਪਟਿਆਲਾ | **(ਜਸਪ੍ਰੀਤ ਸਿੰਘ ਆਈ.ਏ.ਐਸ.)**<br>ਅਡੀਸ਼ਨਲ ਡਿਪਟੀ ਕਮਿਸ਼ਨਰ,<br>ਫਤਹਿਗੜ ਸਾਹਿਬ |